# 3
# ਖ਼ੁਦਾ ਦੀ ਵਿਆਖਿਆ ਕਰਦੇ ਨਾਂਅ

ਖ਼ੁਦਾ ਨੂੰ ਕਦੇ ਕਿਸੇ ਨੇ ਨਹੀਂ ਵੇਖਿਆ, ਫਿਰ ਵੀ ਅਸੀਂ ਜਾਣਦੇ ਹਾਂ ਕਿ ਉਹਦਾ ਚਰਿੱਤਰ ਕਿਹੋ ਜਿਹਾ ਹੈ। ਸਾਨੂੰ ਉਸਦੇ ਸੁਭਾਅ ਦਾ ਆਪਣੇ ਲੋਕਾਂ ਨਾਲ ਵਰਤਾਓ ਤੋਂ ਪਤਾ ਲਗਦਾ ਹੈ। ਖ਼ੁਦਾ ਦੇ ਚੁਣੇ ਹੋਏ ਲੋਕ ਜਦ ਅਥਾਹ ਸ਼ਕਤੀ ਅਤੇ ਸਮਰੱਥਾ ਨੂੰ ਜਾਣ ਗਏ ਤਾਂ ਕਦੇ-ਕਦੇ ਉਹ ਉਸ ਨੂੰ ਉਹ ਨਾਂਅ ਦਿੰਦੇ ਜਿਨ੍ਹਾਂ ਤੋਂ ਉਹਦੇ ਗੁਣਾਂ ਦਾ ਪਤਾ ਲਗਦਾ।

### ''ਭੈ''

ਉਤਪਤ 31:42 ਵਿਚ ਖ਼ੁਦਾ ਨੂੰ *Pahad* ਭਾਵ ''ਭੈ'' ਦੇ ਤੌਰ 'ਤੇ ਬਿਆਨਿਆ ਗਿਆ ਹੈ। ਇਸ ਆਇਤ ਵਿਚ ਬਿਆਨ ਕੀਤਾ ਸ਼ਬਦ ''ਭੈ'' ਉਹ ਨਹੀਂ, ਜਿਸ ਤੋਂ ਆਮ ਤੌਰ ਤੇ ਖ਼ੁਦਾਈ ਖ਼ੌਫ਼ ਜਾਂ ਭਗਤੀ (*yir'ath*) ਦਾ ਪਤਾ ਮਿਲਦਾ ਹੈ, ਬਲਕਿ ਉਹ ਸ਼ਬਦ ਹੈ ਜੋ ਡਰ ਅਤੇ ਭੈ ਦਾ ਵਰਣਨ ਕਰਦਾ ਹੈ (ਵੇਖੋ ਵਿਵਸਥਾਸਾਰ 11:25; 28:67; 1 ਸਮੂਏਲ 11:7)।

ਜ਼ਾਹਿਰ ਹੈ ਕਿ ਇਸਹਾਕ ਨੇ ਖ਼ੁਦਾ ਦੇ ਮਕਸਦ ਨੂੰ ਨਜ਼ਅੰਦਾਜ਼ ਕਰਨ ਦੀ ਕੋਸ਼ਿਸ਼ ਕੀਤੀ ਕਿ ਬਰਕਤ ਪਲੌਠੇ ਪੁੱਤਰ ਏਸਾਉ ਨੂੰ ਨਹੀਂ ਬਲਕਿ ਛੋਟੇ ਪੁੱਤਰ ਯਾਕੂਬ ਨੂੰ ਦਿੱਤੀ ਜਾਵੇ। ਖ਼ੁਦਾ ਨੇ ਉਨ੍ਹਾਂ ਦੇ ਜਨਮ ਤੋਂ ਪਹਿਲਾਂ ਹੀ ਪਰਗਟ ਕਰ ਦਿੱਤਾ ਸੀ ਕਿ ''ਵੱਡਾ ਛੋਟੇ ਦੀ ਟਹਿਲ ਕਰੇਗਾ'' (ਉਤਪਤ 25:23)। ਉਸ ਭਵਿੱਖਬਾਣੀ ਦੇ ਬਾਵਜੂਦ, ਇਸਹਾਕ ਨੇ ਖ਼ੁਦਾ ਦੀ ਮਰਜ਼ੀ ਨੂੰ ਮੰਨਣ ਦੀ ਬਜਾਏ ਆਪਣੀ ਰਵਾਇਤ ਮੁਤਾਬਕ ਪਲੌਠੇ ਪੁੱਤਰ ਨੂੰ ਬਰਕਤ ਦੇਣ ਦਾ ਪੱਕਾ ਮਨ ਬਣਾ ਲਿਆ ਸੀ। ਯਾਕੂਬ ਦੀ ਚਲਾਕੀ ਕਰਕੇ ਇਸਹਾਕ ਨੇ ਉਸਨੂੰ ਇਹ ਸੋਚ ਕੇ ਬਰਕਤ ਦੇ ਦਿੱਤੀ ਕਿ ਉਹ ਏਸਾਉ ਨੂੰ ਬਰਕਤ ਦੇ ਰਿਹਾ ਹੈ। ਜਦ ਇਸਹਾਕ ਨੂੰ ਇਸ ਸੱਚਾਈ ਦਾ ਪਤਾ ਲੱਗਾ ਕਿ ਉਸ ਨੇ ਖ਼ੁਦਾ ਦੀ ਮਰਜ਼ੀ ਵਿਚ ਰੁਕਾਵਟ ਪਾਉਣ ਦੀ ਬਜਾਏ ਆਪਣੀ ਹੀ ਇੱਛਾ ਵਿਚ ਰੁਕਾਵਟ ਪਾ ਲਈ, ਉਹ ਕੰਬ ਗਿਆ (ਉਤਪਤ 27:33)। ਮੁਮਕਿਨ ਹੈ ਕਿ ਇਸ ਕਾਂਬੇ ਨੂੰ ਉਸ ਵੱਲੋਂ ਖ਼ੁਦਾ ਨੂੰ ਦਿੱਤੇ ਉਸ ਨਾਂਅ *Pahad* ਜਾਂ ''ਭੈ'' ਵਿਚ ਵੇਖਿਆ ਜਾਂਦਾ ਹੈ। ਇਹ ਅਹਿਸਾਸ ਹੋਣ 'ਤੇ ਕਿ ਉਸਨੇ ਨਾ ਬਦਲਣ ਵਾਲੇ ਖ਼ੁਦਾ ਦੇ ਮਕਸਦ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਹੈ, ਉਹ ਡਰ ਨਾਲ ਘਬਰਾ ਗਿਆ ਸੀ।

ਇਸ ਤੋਂ ਬਾਅਦ ਭਾਂਵੇਂ ਇਸਹਾਕ ਨੇ ਬਿਲਕੁਲ ਖ਼ੁਦਾ ਦੀ ਮਰਜ਼ੀ ਮੁਤਾਬਕ ਹੀ ਕੀਤਾ, ਪਰ ਉਹ ਉਸ ਕਾਂਬੇ ਨੂੰ ਕਦੇ ਨਹੀਂ ਭੁੱਲਿਆ। ਉਸਨੇ ਯਾਕੂਬ ਨਾਲ ਆਪਣਾ ਅਹਿਸਾਸ ਸਾਂਝਾ ਕੀਤਾ ਜਿਸ ਤੋਂ ਅਸੀਂ ਜਾਣਦੇ ਹਾਂ ਕਿ ਯਾਕੂਬ ਨੂੰ *Pahad* ਨਾਂਅ ਦਾ ਕਿਵੇਂ ਪਤਾ ਲੱਗਾ ਸੀ। ਸਹੁੰ ਖਾਣ ਵੇਲੇ ਯਾਕੂਬ ਨੇ ਆਪ ਇਸੇ ਨਾਂਅ ਦੀ ਸਹੁੰ ਖਾਧੀ ਸੀ।

# ''ਯਾਕੂਬ ਦਾ ਸ਼ਕਤੀਮਾਨ ਖ਼ੁਦਾ''

ਪੁਰਾਣੇ ਨੇਮ ਵਿਚ ਉਤਪਤ 49:24 ਅਨੁਸਾਰ ਖ਼ੁਦਾ ਦੀ ਇਕ ਹੋਰ ਵਿਆਖਿਆ *'ਅਬੀਰ ਯਾਕੋਬ'* ਭਾਵ ''ਯਾਕੂਬ ਦਾ ਸ਼ਕਤੀਮਾਨ ਖ਼ੁਦਾ'' ਵੀ ਮਿਲਦੀ ਹੈ। ਜ਼ਾਹਿਰ ਹੈ ਕਿ ਅਬੀਰ ਭਾਵ ''ਸਮਰੱਥ, ਸ਼ਕਤੀਮਾਨ, ਬਹਾਦੁਰ'' ਦਾ ਅਰਥ ਖ਼ੁਦਾ ਦੀਆਂ ਪਹਿਲੀਆਂ ਦੋ ਵਿਆਖਿਆਵਾਂ, *ਏਲ* ਅਰਥਾਤ ''ਸਮਰੱਥਾ ਵਾਲਾ'' ਅਤੇ *ਸ਼ੱਦੈ* ਅਰਥਾਤ ''ਸਰਬਸ਼ਕਤੀਮਾਨ'' ਨਾਲ ਮਿਲਦਾ-ਜੁਲਦਾ ਹੈ।

### ਅਬੀਰ ਸ਼ਬਦ ਦੀ ਪਹਿਲੀ ਵਰਤੋਂ

*ਅਬੀਰ* ਭਾਵ ''ਸ਼ਕਤੀਸ਼ਾਲੀ ਪਰਮੇਸ਼ੁਰ'' ਸ਼ਬਦ ਦੀ ਪਹਿਲੀ ਵਰਤੋਂ ਯੂਸਫ਼ ਵੱਲੋਂ ਪਿਤਾ ਤੋਂ ਬਰਕਤ ਲੈਣ ਵੇਲੇ ਮਿਲਦੀ ਹੈ। ਇਸਰਾਏਲ ਨੇ ਆਖਿਆ ਸੀ ਕਿ ਯਾਕੂਬ ਭਰੋਸਾ ਕਰ ਸਕਦਾ ਹੈ ਕਿ ਉਸਦੀ ਔਲਾਦ ਦੀ ਸੰਭਾਲ *ਅਬੀਰ ਯਾਕੋਬ* ਅਰਥਾਤ ''ਯਾਕੂਬ ਦਾ ਸ਼ਕਤੀਸ਼ਾਲੀ ਖ਼ੁਦਾ'' ਕਰੇਗਾ। *ਅਬੀਰ ਯਾਕੋਬ* ਦੀ ਸ਼ਕਤੀ ਨਾਲ ਯੂਸਫ਼ ਦੇ ਵਾਰਸਾਂ ਦੇ ਤੀਰਾਂ ਅਤੇ ਹਥਿਆਰਾਂ ਨੂੰ ਤਾਕਤ ਮਿਲਣੀ ਸੀ। ਯੂਸਫ਼ ਦੀ ਸੰਤਾਨ ਭਾਵ ਅਫ਼ਰਾਈਮ ਅਤੇ ਮਨੱਸ਼ਹ ਦੇ ਕਬੀਲੇ ਸਚਮੁਚ ਹੀ ਸ਼ਕਤੀਸਾਲੀ ਲੋਕ ਸਨ। ਯਾਕੂਬ ਦੀ ਭਵਿੱਖਬਾਣੀ ਦੇ ਕਈ ਸਾਲ ਬਾਅਦ ''ਯੋਹਸ਼ੁਆ'' ਨੇ ਅਫ਼ਰਾਈਮ ਅਤੇ ਮਨੱਸ਼ਹ ਸਣੇ ਯੂਸ਼ਫ ਦੇ ਸਾਰੇ ਘਰਾਣੇ ਨੂੰ ਆਖਿਆ ਕਿ ''ਤੁਸੀਂ ਤਾਂ ਢੇਰ ਸਾਰੇ ਲੋਕ ਹੋ ਅਤੇ ਵੱਡੇ ਬਲਵੰਤ ਹੋ, ਅਤੇ ਤੁਹਾਡੇ ਲਈ ਇੱਕੋ ਹੀ ਗੁਣਾ ਨਹੀਂ ਹੋਵੇਗਾ'' (ਯਹੋਸ਼ੁਆ 17:17)। ਕਾਰਣ ਇਹੀ ਸੀ ਕਿ ''ਯਾਕੂਬ ਦਾ ਸ਼ਕਤੀਸ਼ਾਲੀ ਖ਼ੁਦਾ'' ਯੂਸ਼ਫ ਦੇ ਘਰਾਣੇ ਦੇ ਨਾਲ ਸੀ।

### *ਅਬੀਰ* ਸ਼ਬਦ ਦੇ ਚਾਰ ਹੋਰ ਸੰਦਰਭ

ਖ਼ੁਦਾ ਦੀ ਵਿਆਖਿਆ ਕਰਨ ਲਈ ਪੁਰਾਣੇ ਨੇਮਾਂ ਦੇ ਚਾਰ ਹੋਰ ਸੰਦਰਭ *ਅਬੀਰ* ਸ਼ਬਦ ਦੀ ਵਰਤੋਂ ਕਰਦੇ ਹਨ।

1. *ਅਬੀਰ, ਮਸੀਹ ਨੂੰ ਲਿਆਉਣ ਵਿਚ ਸਮਰੱਥ ਸੀ।* ਦਾਊਦ ਨੇ *ਅਬੀਰ ਯਾਕੋਬ* ਕੋਲੋਂ ਮੰਨਤ ਮੰਨੀ ਕਿ ਉਹ ਜਦ ਤਕ ਖ਼ੁਦਾ ਦੇ ਰਹਿਣ ਲਈ ਨਿਵਾਸ ਸਥਾਨ ਨਾ ਬਣਾ ਲਵੇ, ਚੈਨ ਨਾਲ ਨਹੀਂ ਬੈਠੇਗਾ (ਜ਼ਬੂਰ 132:2-5)। ਦਾਊਦ ਦੇ ਪਵਿੱਤਰ ਅਤੇ ਨਿਰਸੁਆਰਥ ਇਰਾਦੇ ਦੇ ਜਵਾਬ ਵਿਚ, ਖ਼ੁਦਾ ਨੇ ਉਹਦੇ ਬਦਲੇ ਦੀ ਸਹੁੰ ਖਾਧੀ ਕਿ ''ਮੈਂ ਤੇਰੇ ਢਿੱਡ ਦੇ ਫਲ ਤੋਂ ਤੇਰੀ ਰਾਜ ਗੱਦੀ ਉੱਤੇ ਕਿਸੇ ਨੂੰ ਬਿਠਾਂਵਾਂਗਾ'' (ਜ਼ਬੂਰ 132:11)। ਇਸਦਾ ਨਤੀਜਾ ਇਹ ਹੋਇਆ ਕਿ ਖ਼ੁਦਾ ਨੇ ਯਿਸੂ ਨੂੰ ਦਾਊਦ ਦੇ ਰੂਪ ਵਿਚ ਘੱਲਿਆ, ਉਸ ਨੂੰ ਮੁਰਦਿਆਂ ਵਿੱਚੋਂ ਜਿਵਾ ਕੇ, ਸੁਰਗ ਵਿਚ ਦਾਊਦ ਦੀ ਰੂਹਾਨੀ ਗੱਦੀ 'ਤੇ ਬਿਠਾਇਆ। ਪਤਰਸ ਨੇ ਖ਼ੁਦਾ ਦੇ ਇਸ ਵਾਅਦੇ ਦੇ ਰੋਮਾਂਚਕਾਰੀ ਚਰਮ ਦਾ ਬਿਆਨ ਪੈਂਟੀਕਾਸਟ ਵਾਲੇ ਦਿਨ ਆਪਣੇ ਹਜ਼ਾਰਾਂ ਸੁਣਨ ਵਾਲਿਆਂ ਸਾਹਮਣੇ ਕੀਤਾ ਕਿ ''ਪਰਮੇਸ਼ੁਰ ਨੇ ਮੇਰੇ ਨਾਲ ਸੌਂਹ ਖਾਧੀ ਹੈ ਕਿ ਤੇਰੇ ਵੰਸ ਵਿੱਚੋਂ ਇਕ ਨੂੰ ਮੈਂ ਤੇਰੀ ਗੱਦੀ ਉੱਤੇ ਬਿਠਾਵਾਂਗਾ'' (ਰਸੂਲਾਂ ਦੇ ਕੰਮ 2:30)। ਇਸ ਤਰ੍ਹਾਂ *ਅਬੀਰ ਯਾਕੋਬ* ਅਰਥਾਤ ''ਯਾਕੂਬ ਦੇ ਸ਼ਕਤੀਮਾਨ ਖ਼ੁਦਾ'' ਨੇ ਵਿਖਾਇਆ ਕਿ ਉਹ ਦਾਊਦ ਦਾ ਵੀ ਸ਼ਕਤੀਮਾਨ ਖ਼ੁਦਾ ਹੈ।

2. *ਅਬੀਰ, ਯਰੂਸ਼ਲਮ ਨੂੰ ਸਾਫ਼ ਅਤੇ ਬਹਾਲ ਕਰਨ ਵਿਚ ਸਮਰੱਥ।* ਯਸਾਯਾਹ ਦੇ ਸਮੇਂ ਵਿਚ ਯਰੂਸ਼ਲਮ ਦਾ ਦੁਨਿਆਵੀ ਸ਼ਹਿਰ ''ਇਕ ਕੰਜਰੀ'' ਅਤੇ ''ਖ਼ੂਨੀਆਂ'' ਦਾ ਡੇਰਾ ਬਣਿਆ ਹੋਇਆ ਸੀ (ਯਸਾਯਾਹ 1:21)। ਸਰਦਾਰ ''ਜ਼ਿੱਦੀ ਅਤੇ ਚੋਰਾਂ ਦੇ ਸਾਥੀ'' ਅਤੇ ਰਿਸ਼ਵਤਖੋਰ ਬਣ ਗਏ ਸਨ (ਯਸਾਯਾਹ 1:23)। ਪਰ ਯਾਕੂਬ ਦੇ ਸ਼ਕਤੀਮਾਨ ਖ਼ੁਦਾ ਨੇ ਐਲਾਨ ਕੀਤਾ ਕਿ ''ਮੈ ਆਪਣੇ ਹੱਥ ਤੇਰੇ ਉੱਤੇ ਫੇਰਾਂਗਾ, ਮੈਂ ਤੇਰਾ ਖੋਟ ਤਾਕੇ ਸਿੱਕੇ ਨਾਲ ਕੱਢਾਗਾਂ ਅਤੇ ਤੇਰੀ ਸਾਰੀ ਮਿਲਾਵਟ ਦੂਰ ਕਰਾਂਗਾ''

(ਯਸਾਯਾਹ 1:25)। ਇਸਰਾਏਲ ਦੇ ਸ਼ਰਵਸ਼ਕਤੀਮਾਨ ਨੇ ਵਿਸ਼ਵਾਸੀ ਨੂੰ ਬਹਾਲ ਕਰਨ ਦਾ ਵਾਅਦਾ ਕੀਤਾ ਸੀ ਤਾਂ ਜੋ ਉਸ ਦੇ ਬਾਅਦ ਯਰੂਸ਼ਲਮ ਨੂੰ ''ਧਰਮੀ ਸ਼ਹਿਰ ਅਤੇ ਸਤਵੰਤੀ ਨਗਰੀ'' ਆਖਿਆ ਜਾਵੇਗਾ (ਯਸਾਯਾਹ 1:26)। ਸਿਓਨ ਨੂੰ ਨਿਆਂ ਦੇ ਨਾਲ ਅਤੇ ਤੌਬਾ ਕਰਨ ਵਾਲਿਆਂ ਨੂੰ ਧਰਮ ਦੇ ਨਾਲ ਛੁਡਾਇਆ ਜਾਣਾ ਸੀ।

ਨਵੇਂ ਨੇਮ ਦੀ ਕਲੀਸੀਆ ਆਉਣ ਨਾਲ, ਰੂਹਾਨੀ ਯਰੂਸ਼ਲਮ ਦੇ ਹਰ ਬਸ਼ਿੰਦੇ ਵੱਲੋਂ ਨਵਾਂ ਜਨਮ ਲੈ ਕੇ, ਨਵਾਂ ਮਨ ਅਤੇ ਨਵੀਂ ਰੂਹ ਪਾਉਣ ਦੇ ਨਾਲ ਯਾਕੂਬ ਦੇ ਸ਼ਕਤੀਮਾਨ ਨੇ ਆਪਣਾ ਵਚਨ ਪੂਰਾ ਕੀਤਾ। ਯਰੂਸ਼ਲਮ ਦੇ ਪੁਰਾਣੇ ਸ਼ਹਿਰ ਸੰਸਾਰੀ ਨਗਰ ਤੋਂ ਕਿਤੇ ਵੱਧ ਸ਼ਾਨਦਾਰ ਇਕ ਨਗਰ ਜੋ ਕਿ ਰੂਹਾਨੀ ਕਲੀਸੀਆ ਹੈ, ਜਿਸਦਾ ਬਿਆਨ ''ਯਰੂਸ਼ਲਮ ਜੋ ਉਤਾਹਾਂ ਹੈ'' (ਗਲਾਤੀਆਂ 4:26) ਅਤੇ ''ਸੁਰਗੀ ਯਰੂਸ਼ਲਮ'' (ਇਬਰਾਨੀਆਂ 12:22) ਦੇ ਰੂਪ ਵਿਚ ਕੀਤਾ ਗਿਆ ਹੈ, ਬਾਰੇ ਕਿਹਾ ਗਿਆ ਸੀ।

3. *ਅਬੀਰ, ਭੁੱਲਾਂ ਨੂੰ ਸੁਧਾਰਨ ਵਿਚ ਸਮਰੱਥ ਸੀ।* ਖ਼ੁਦਾ ਦੇ ਲੋਕਾਂ ਤੇ ਬੀਤੇ ਸਮੇਂ ਦੇ ਜੇਤੂਆਂ ਦਾ ਜ਼ੁਲਮ ਹੋਵੇ ਜਾਂ ਕਿਸੇ ਵੀ ਸਮੇਂ ਕੀਤਾ ਗਿਆ ਅਨਿਆਂ, ਯਾਕੂਬ ਦਾ ਸ਼ਕਤੀਮਾਨ, ਜ਼ਾਲਮਾਂ ਨੂੰ ਉਨ੍ਹਾਂ ਦਾ ਆਪਣਾ ''ਮਾਸ'' ਖੁਆਉਣ ਅਤੇ ''ਲਹੂ'' ਪਿਆਉਣ ਲਈ ਸਮਰੱਥ ਹੈ (ਯਸਾਯਾਹ 49:24-26; ਪ੍ਰਕਾਸ਼ ਦੀ ਪੋਥੀ 16:4-7)। ''ਜੇ ਤੂੰ ਕਿਸੇ ਸੂਬੇ ਵਿਚ ਗਰੀਬਾਂ 'ਤੇ ਅਨ੍ਹੇਰ ਅਤੇ ਨਿਆਉਂ ਅਰ ਸਚਿਆਈ ਦਾ ਡਾਹਢਾ ਵਿਗਾੜ ਵੇਖੇਂ ਤਾਂ ਉਸ ਗੱਲ ਉੱਤੇ ਅਚਰਜ ਨਾ ਹੋ'' (ਉਪਦੇਸ਼ਕ ਦੀ ਪੋਥੀ 5:8)। ਕਿਉਂਕਿ ਅਬੀਰ ਕਦੇ ਨਹੀਂ ਮਰਦਾ।

4. *ਅਬੀਰ, ਸੁਰਗ ਵਿਚ ਲੈ ਜਾਣ ਦੇ ਸਮਰੱਥ ਹੈ।* ਇਹੋ ਜਿਹੇ ਸ਼ਹਿਰ ਬਨਾਉਣ ਲਈ ਜਿਸ ਦੇ ਫਾਟਕ, ''ਸਦਾ ਖੁੱਲ੍ਹੇ ਰਹਿਣਗੇ'' (ਯਸਾਯਾਹ 60:11) ਇਕ ਅਬੀਰ ਅਰਥਾਤ ਸ਼ਰਬਸ਼ਕਤੀਮਾਨ ਖ਼ੁਦਾ ਦੀ ਲੋੜ ਹੈ। ਕਿਹਾ ਜਾਂਦਾ ਹੈ ਕਿ ਇਸ ਸ਼ਹਿਰ ਵਿਚ ''ਸੂਰਜ ਤੇਰੇ ਲਈ ਫੇਰ ਦਿਨੇ ਚਾਨਣ ਲਈ ਨਾ ਹੋਵੇਗਾ''; ''ਨਾ ਚੰਨ ਉਜਾਲੇ ਲਈ ਤੈਨੂੰ ਚਾਨਣ ਦੇਵੇਗਾ, ਪਰ ਯਹੋਵਾਹ ਤੇਰਾ ਸਦੀਪਕ ਚਾਨਣ ਹੋਵੇਗਾ ਅਤੇ ਤੇਰਾ ਖ਼ੁਦਾ ਤੇਰੀ ਸਜਾਵਟ ਹੋਵੇਗਾ'' ਅਤੇ ਖ਼ੁਦਾ ਹੀ ''ਸਦਾ ਦਾ ਚਾਨਣ'' ਹੋਵੇਗਾ (ਯਸਾਯਾਹ 60:19, 20)। ਉਹ ਸਰਬ ਸ਼ਕਤੀਮਾਨ ਖ਼ੁਦਾ ਇਸ ਯੋਗ ਹੈ ਕਿ ਪਾਪੀ ਰੂਹਾਂ ਨੂੰ ਇਸ ਤਰ੍ਹਾਂ ਅਨੋਖੇ ਢੰਗ ਨਾਲ ਬਦਲ ਦੇਵੇਗਾ ਕਿ ''ਮੈਂ ਤੈਨੂੰ ਸਦਾ ਲਈ ਉੱਤਮ ਰੱਖਾਂਗਾ, ਪੀੜ੍ਹੀਓ ਪੀੜ੍ਹੀ ਖੁਸ਼ ਰੱਖਾਂਗਾ'' ਦੇ ਆਨੰਦ ਨੂੰ ਰੂਪ ਵਿਚ ਜਾਣਿਆ ਜਾਵੇਗਾ (ਯਸਾਯਾਹ 60:15)।

ਫਿਰ ਅਸੀਂ ਵੇਖਦੇ ਹਾਂ ਕਿ ਪਵਿੱਤਰ ਆਤਮਾ ਨੇ ਅਬੀਰ ਅਰਥਾਤ ''ਸ਼ਕਤੀਮਾਨ ਖ਼ੁਦਾ'' ਦੀ ਵਰਤੋਂ ਯੂਸਫ਼ ਨੂੰ ਬਰਕਤ ਦੇਣ ਲਈ, ਮਸੀਹ ਨੂੰ ਰਾਜਾ ਬਣਾਉਣ ਲਈ, ਯਰੂਸ਼ਲਮ ਨੂੰ ਸਾਫ਼ ਕਰਨ ਅਤੇ ਬਹਾਲ ਕਰਨ ਲਈ, ਹਰ ਬੁਰਾਈ ਨੂੰ ਦੂਰ ਕਰਨ ਅਤੇ ਸੁਰਗ ਦੀ ਰਚਨਾ ਕਰਨ ਵਿਚ ਖ਼ੁਦਾ ਦੀ ਸਮਰੱਥਾ ਦਾ ਬਿਆਨ ਕਰਨ ਲਈ ਕੀਤੀ ਗਈ ਹੈ।

## ''ਇਸਰਾਏਲ ਦਾ ਪੱਥਰ''

ਉਤਪਤ 49:24 ਵਿਚ ਖ਼ੁਦਾ ਨੂੰ ਅੱਯਾਲੀ ਇਸਰਾਏਲ ਅਰਥਾਤ ''ਇਸਰਾਏਲ ਦਾ ਪੱਥਰ'' ਆਖਿਆ ਗਿਆ ਹੈ। ਇਕ ਪੱਥਰ ਦੇ ਰੂਪ ਵਿਚ ਖ਼ੁਦਾ ਦੀ ਇਹ ਨੁਮਾਇੰਦਗੀ, ਖ਼ੁਦਾ ਦੀ ਸਮਰੱਥਾ (ਅੱਯੂਬ 6:12) ਅਤੇ ਮਜ਼ਬੂਤੀ (ਅੱਯੂਬ 38:30) ਤੇ ਜ਼ੋਰ ਦਿੰਦੀ ਹੈ।

ਸਮੂਏਲ ਨੇ ਫ਼ਲਸਤੀਨੀਆਂ ਦੇ ਖ਼ਿਲਾਫ਼ ਖ਼ੁਦਾ ਵੱਲੋਂ ਮਿਲੀ ਮਦਦ ਦੀ ਯਾਦਗਾਰ ਦੇ ਤੌਰ ਤੇਇਕ ਪੱਥਰ ਦੀ ਵਰਤੋਂ ਕੀਤੀ ਸੀ। ਉਸਨੇ ਇਸਨੂੰ ਅਬਨ-ਅਜ਼ਰ ਭਾਵ ''ਸਹਾਇਤਾ ਦਾ ਪੱਥਰ'' (1 ਸਮੂਏਲ 7:12) ਕਿਹਾ ਸੀ। ਜ਼ਾਹਿਰ ਹੈ ਕਿ ਦੁਆ ਕਰਦਿਆਂ ਕਿ ''ਤੂੰ ਮੇਰੇ ਨਿਵਾਸ ਦੀ ਚੱਟਾਨ

ਬਣ ਜਿੱਥੇ ਮੈਂ ਨਿੱਤ ਜਾਇਆ ਕਰਾਂ, ਤੈਂ ਮੇਰੇ ਬਚਾਓ ਦੀ ਆਗਿਆ ਕੀਤੀ ਹੈ, ਕਿਉਂ ਜੋ ਤੂੰ ਹੀ ਮੇਰੀ ਚੱਟਾਨ ਅਤੇ ਗੜ੍ਹ ਹੈਂ'' (ਜ਼ਬੂਰ 71:3), ਦਾਊਦ ਦੇ ਮਨ ਵਿਚ ਵੀ ਸੁਰੱਖਿਆ ਸੀ। ਹੰਨਾ ਨੇ ਇਹ ਕਹਿੰਦਿਆਂ ਖ਼ੁਦਾ ਦੀ ਵਡਿਆਈ ਕੀਤੀ ਕਿ ''ਯਹੋਵਾਹ ਜਿਹਾ ਪਵਿੱਤਰ ਕੋਈ ਨਹੀ, ਤੇਰੇ ਬਿਨਾ ਕੋਈ ਨਹੀ, ਕੋਈ ਚੱਟਾਨ ਸਾਡੇ ਪਰਮੇਸ਼ੁਰ ਜਿਹੀ ਨਹੀਂ'' (1 ਸਮੂਏਲ 2:2)। ਯਸਾਯਾਹ ਨੇ ਯਹੋਵਾਹ ਦੀ ਤਾਰੀਫ਼ ਉਸਨੂੰ ਸਨਾਤਨ ਚੱਟਾਨ ਆਖ ਕੇ ਕੀਤੀ ਸੀ (ਯਸਾਯਾਹ 26:4)।

ਜੰਗਲ ਵਿਚ ਇਸਰਾਏਲੀਆਂ ਨੇ ਉਹ ਪਾਣੀ ਜਿਸ ਨੂੰ ਖ਼ੁਦਾ ਨੇ ਮੋਅਜਜ਼ੇ ਨਾਲ ਇਕ ਚੱਟਾਨ ਵਿੱਚੋਂ (ਕੂਚ 17:6; ਜ਼ਬੂਰ 78:15) ਕੱਢਿਆ ਸੀ, ਪੀ ਕੇ ਉਸ ਰੂਹਾਨੀ ਚੱਟਾਨ ਅਰਥਾਤ ਮਸੀਹ ਕੋਲੋਂ ਪੀਤਾ ਜਿਸ ਨੇ ਉਸ ਸਮੇਂ ਦੇ ਲੋਕਾਂ ਨੂੰ ਮੂਸਾ ਦੇ ਰਾਹੀਂ ਰੂਹਾਨੀ ਸਿੱਖਿਆ ਦਿੱਤੀ ਸੀ (1 ਕੁਰਿੰਥੀਆਂ 10:4, 5)। ਉਨ੍ਹਾਂ ਵਿੱਚੋਂ ਬਹੁਤਿਆਂ ਨਾਲ ਖ਼ੁਦਾ ਖੁਸ਼ ਨਹੀਂ ਸੀ, ਕਿਉਂਕਿ ਉਨ੍ਹਾਂ ਨੇ ਰੂਹਾਨੀ ਪਾਣੀ ਪੀਣ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਨੇ ''ਆਪਣੀ ਮੁਕਤੀ ਦੀ ਚੱਟਾਨ ਨੂੰ ਹਲਕਾ ਜਾਤਾ'' (ਵਿਵਸਥਾਸਾਰ 32:15)।

ਮਸੀਹ ਪੁਰਾਣੇ ਨੇਮ ਦੇ ਸਮੇਂ ਦੀ ਰੂਹਾਨੀ ਚੱਟਾਨ ਹੀ ਨਹੀਂ ਸੀ, ਸਗੋਂ ਇਹ ਭਵਿੱਖਬਾਣੀ ਕੀਤੀ ਗਈ ਸੀ ਕਿ ਉਹ ਨਵੇਂ ਨੇਮ ਦਾ ਇਕ ਪੱਥਰ ਹੋਵੇਗਾ। ਦੋਹਰੇ ਅਰਥ ਅਨੁਸਾਰ ਨਬੀਆਂ ਨੇ ਆਖਿਆ ਸੀ, ਕਿ ਮਸੀਹ ਪੱਥਰ ਹੋਵੇਗਾ, ਨਾਸ ਹੋਣ ਵਾਲਿਆਂ ਲਈ ਠੋਕਰ ਲੱਗਣ ਦਾ ਪੱਥਰ ਹੋਵੇਗਾ (ਯਸਾਯਾਹ 8:14) ਅਤੇ ਨਿਰਮਾਣ ਦੇ ਪੱਥਰ ਦੇ ਰੂਪ ਵਿਚ ਯਹੂਦੀ ਕਾਰੀਗਰਾਂ ਵੱਲੋਂ ਠੁਕਰਾਇਆ ਜਾਵੇਗਾ। ਠੁਕਰਾਏ ਹੋਏ ਪੱਥਰ ਲਈ ਕੰਧਾਂ ਨੂੰ ਜੋੜ ਕੇ ''ਖੂੰਜੇ ਦਾ ਸਿਰਾ'' ਬਣਨਾ ਵੀ ਤੈਅ ਸੀ (ਜ਼ਬੂਰ 118:22)। ਯਿਸੂ ਦੇ ਇਮਾਰਤ ਦਾ ਮੁੱਖ ਪੱਥਰ ਹੋਣ ਦੀ ਭਵਿੱਖਬਾਣੀ ਕੀਤੀ ਗਈ ਸੀ: ''ਵੇਖ, ਮੈਂ ਸੀਓਨ ਵਿਚ ਇਕ ਪੱਥਰ, ਇਕ ਪਰਖਿਆ ਹੋਇਆ ਪੱਥਰ, ਇਕ ਅਮਲੋਕ ਖੂੰਜੇ ਦਾ ਪੱਥਰ ਇਕ ਪੱਕੀ ਨੀਂਹ ਧਰਦਾ ਹਾਂ'' (ਯਸਾਯਾਹ 28:16)।

ਨਬੂਵਤਾਂ ਪੂਰੀਆਂ ਕੀਤੀਆਂ ਗਈਆਂ ਸਨ। ਮਸੀਹੀਅਤ ਕਿਤੇ ਕੰਕਰ, ਟੁਕੜੇ ਜਾਂ ਪੱਥਰ ਪੈਟ੍ਰੋਸ ਤੇ ਨਹੀਂ ਬਲਕਿ ਇਕ ਵਿਸ਼ਾਲ ਚੱਟਾਨ, ਵੱਡੇ ਪੱਥਰ ਜਾਂ ਪੈਟਰਾ ਤੋਂ ਬਣੀ ਹੈ (ਮੱਤੀ 16:16-18)। ''ਕਿਉਂ ਜੋ ਉਸ ਨੀਂਹ ਤੋਂ ਬਿਨਾਂ ਜੋ ਰੱਖੀ ਗਈ ਹੈ ਦੂਜੀ ਕੋਈ ਨਹੀਂ ਰੱਖ ਸਕਦਾ ਅਰ ਉਹ ਯਿਸੂ ਮਸੀਹ ਹੈ'' (1 ਕੁਰਿੰਥੀਆਂ 3:11) ਵਚਨ ਦੀ ਗੱਲ ਨਾ ਮੰਨਣ ਕਰਕੇ ਈਮਾਨ ਨਾ ਲਿਆਉਣ ਵਾਲੇ ਲੋਕਾਂ ਨੇ ਮਸੀਹ ਦੇ ਸੰਦੇਸ਼ ਤੋਂ ''ਠੋਕਰ ਖਾਧੀ'' (1 ਪਤਰਸ 2:7, 8)। ''ਅਰ ਜੋ ਕੋਈ ਇਸ ਪੱਥਰ ਉੱਤੇ ਡਿੱਗੇਗਾ ਸੋ ਚੂਰ ਚੂਰ ਹੋ ਜਾਵੇਗਾ ਪਰ ਜਿਹਦੇ ਉੱਤੇ ਉਹ ਡਿੱਗੇ ਉਹਨੂੰ ਪੀਹ ਸੁੱਟੇਗਾ'' (ਮੱਤੀ 21:44)। ਪਰ ਵਿਸ਼ਵਾਸ ਕਰਨ ਵਾਲਿਆਂ ਲਈ ''ਜਿਊਂਦੇ ਪੱਥਰ'' ਦੇ ਰੂਪ ਵਿਚ ਯਿਸੂ ਬਹੁਤ ਹੀ ਮੁੱਲਵਾਨ ਅਰਥਾਤ ਸਮੇਂ ਅਤੇ ਅਨੰਤਕਾਲ ਲਈ, ਉਨ੍ਹਾਂ ਦੀ ਮਜ਼ਬੂਤ ਪਨਾਹਗਾਹ ਬਣ ਗਿਆ ਸੀ (1 ਪਤਰਸ 2:4, 7)।

## ''ਗ਼ੈਰਤ ਵਾਲਾ''

ਕੰਨਾਂ ਅਰਥਾਤ ''ਗ਼ੈਰਤ ਵਾਲਾ'' ਉਸ ਸਮੇਂ ਤੋਂ ਨਿੱਕਲਿਆ ਹੈ ਜਿਸਦਾ ਮੂਲ ਅਰਥ ਰੰਗਣ ਵਾਂਗ ''ਬੜੇ ਹੀ ਜੋਰਦਾਰ ਢੰਗ ਨਾਲ ਹੋ ਜਾਣਾ'' ਹੁੰਦਾ ਹੈ ਇਸਦਾ ਅਰਥ ਚਿਹਰੇ ਦੇ ਉਸ ਰੰਗ ਬਦਲਣ ਜੋ ਕਿਸੇ ਮਨ ਦੇ ਹੋਏ ਅਸਰ ਦੇ ਅਸਰ ਕਾਰਣ ਪੈਦਾ ਹੁੰਦਾ ਹੈ ਯੂਨਾਨੀ ਸ਼ਬਦ ਜ਼ੀਲੋਸ ਯਾਨੀ ''ਗ਼ੈਰਤ'' ਉਸ ਸ਼ਬਦ ਤੋਂ ਨਿੱਕਲਿਆ ਹੈ ਜਿਸਦਾ ਮੂਲ ਅਰਥ ''ਉਬਾਲਣਾ ਹੈ'' ਇਸ ਲਈ ਖ਼ੁਦਾ ਨੂੰ ਕੰਨਾ ਕਹਿਣ ਵਿਚ ਮਨ ਦੀ ਭਾਵਨਾ ਪਾਈ ਜਾਦੀ ਹੈ।

ਖ਼ੁਦਾ ਨੂੰ ਕਦੇ ਵੀ ਈਰਖਾ ਕਰਨ ਵਾਲਾ ਨਹੀਂ ਕਿਹਾ ਗਿਆ ਹੈ, ਪਰ ''ਗ਼ੈਰਤ ਵਾਲਾ'' ਅਤੇ

ਕੰਨਾਂ ਨਾਂਵਾਂ ਵਿੱਚੋਂ ਇਕ ਹੈ (ਕੂਚ 34:14)। ਈਰਖਾ ਕਿਸੇ ਦੂਜੇ ਨੂੰ ਕੱਢਣ ਦੀ ਜ਼ੋਰਦਾਰ ਇੱਛਾ ਹੈ, ਜੋ ਕਿ ਸ਼ੈਤਾਨ ਹੀ ਕਰ ਸਕਦਾ ਹੈ ਕਿਉਂਕਿ ਇਹ ਤਾਂ ਸਰੀਰ ਦਾ ਹੀ ਕੰਮ ਹੈ (ਗਲਾਤੀਆਂ 5:21)। ਈਰਖਾ ਭਾਵ ਕਿਸੇ ਦੂਜੇ ਦੇ ਅਹੁਪੇ ਨੂੰ ਪਾਉਣ ਦੀ ਜ਼ੋਰਦਾਰ ਇੱਛਾ ਹੈ, ਸ਼ੈਤਾਨੀ (ਰਸੂਲਾਂ ਦੇ ਕੰਮ 13:45; ਰੋਮੀਆਂ 13:13; ਗਲਾਤੀਆਂ 5:20) ਜਾਂ ਖ਼ੁਦਾ ਵੱਲੋਂ ਹੋ ਸਕਦੀ ਹੈ (2 ਕੁਰਿੰਥੀਆਂ 11:2)। ਲਗਨ ''ਚੰਗੀ ਗੱਲ ਵਿਚ'' ਲਾਉਣਾ ਚੰਗਾ ਅਤੇ ਸਹੀ ਹੈ (ਗਲਾਤੀਆਂ 4:18)। ਪਰ ਸੁਆਰਥੀ ਨਹੀਂ।

ਸਿਰਜਹਾਰ ਖ਼ੁਦਾ ਦਾ ਦਾਅਵਾ ਠੀਕ ਹੈ ਕਿ ਲੋਕ ਉਸ ਨਾਲ ਪ੍ਰੇਮ ਰੱਖਣ ਅਤੇ ਉਸਦੇ ਵਫ਼ਾਦਾਰ ਰਹਿਣ। ਉਹ ਮਨੁੱਖ ਦੇ ਦਿਲ, ਜਾਨ, ਬੁੱਧ ਅਤੇ ਤਾਕਤ ਦੇ ਕੰਮ ਕਿਸੇ ਵੀ ਚੜ੍ਹਾਵੇ ਨੂੰ ਕਬੂਲ ਨਹੀਂ ਕਰੇਗਾ (ਵਿਵਸਥਾਸਾਰ 6:4-6; ਮਰਕੁਸ 12:30)। ਉਹ ਕਿਸੇ ਦੂਜੇ ਈਸ਼ਵਰ ਦੇ ਬਾਅਦ (ਕੂਚ 34:14; ਯਸਾਯਾਹ 42:8) ਭਾਵ ਧਰਤੀ ਦੇ ਕਿਸੇ ਰਾਜੇ ਦੇ ਬਾਅਦ (ਰਸੂਲਾਂ ਦੇ ਕੰਮ 5:29) ਅਤੇ ਕਿਸੇ ਦੁਨਿਆਵੀ ਵਫ਼ਾਦਾਰੀ ਦੇ ਬਾਅਦ (ਲੂਕਾ 14:26) ਦੂਜੀ ਥਾਂ ਨਹੀਂ ਲਵੇਗਾ ਭਾਵ ਉਹ ਚਾਹੁੰਦਾ ਹੈ ਕਿ ਲੋਕ ਉਸਨੂੰ ਪਹਿਲੀ ਥਾਂ ਦੇਣ।

ਦੁਨੀਆ ਬਨਾਉਣ ਵਾਲੇ ਦੇ ਇਸ ਕੁਦਰਤੀ ਹੱਕ ਨੂੰ ਰੱਦ ਕਰਨ ਤੋਂ ਭਾਵ ਹੈ ਕਿ ਉਸਦੀ ਗ਼ੈਰਤ ਨਾਲ ਬਰਬਾਦੀ ਨੂੰ ਸੱਦਾ ਦੇਣਾ, ਜਿਸਦੇ ਅਖ਼ਤਿਆਰ ਵਿਚ ਸਭ ਲੋਕ ਹਨ (ਵਿਵਥਾਸਾਰ 6:15)। ''ਸਾਡਾ ਖ਼ੁਦਾ ਭਸਮ ਕਰਨ ਵਾਲੀ ਅੱਗ ਹੈ'' (ਇਬਰਾਨੀਆਂ 12:29; ਵਿਵਸਥਾਸਾਰ 4:24)। ਜਿਉਂਦੇ ਪਰਮੇਸ਼ੁਰ ਦੇ ਹੱਥਾਂ ਵਿਚ ਪੈਣਾ (ਜਿਸਦਾ ਨਾਂਅ ਗ਼ੈਰਤ ਵਾਲਾ ਹੈ) ਇਕ ਭਿਆਨਕ ਗੱਲ ਹੈ (ਇਬਰਾਨੀਆਂ 10:31)।

## ਸਾਰ

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਖ਼ੁਦਾ ਦਾ ਬਿਆਨ ਉਸਦੇ ਨਾਂਵਾਂ ਦੇ ਰਾਹੀਂ ਕੀਤਾ ਜਾਂਦਾ ਹੈ। ਉਹ ਇਕ ਅਜਿਹਾ ਖ਼ੁਦਾ ਹੈ ਕਿ ਜਿਸ ਤੋਂ ਡਰਨਾ ਚਾਹੀਦਾ ਹੈ, ਜੋ ਸ਼ਕਤੀਸ਼ਾਲੀ ਹੈ, ਸਮਰੱਥ ਦਾ ਪੱਥਰ ਹੈ ਅਤੇ ਅਜਿਹਾ ਖ਼ੁਦਾ ਹੈ ਜੋ ਚਾਹੁੰਦਾ ਹੈ ਕਿ ਲੋਕ ਓਸੇ ਦੀ ਹੀ ਬੰਦਗੀ ਕਰਨ। ਇਨ੍ਹਾਂ ਦਾਅਵਿਆਂ ਨੂੰ ਮੁਕੰਮਲ ਤੌਰ ਤੇ ਸਮਝ ਲੈਣ ਨਾਲ ਜਿਨ੍ਹਾਂ ਤੋਂ ਉਸਦਾ ਪਤਾ ਲਗਦਾ ਹੈ, ਸਾਡੇ ਮਨ ਵਿਚ ਉਸਦੀ ਤਸਵੀਰ ਸਾਫ਼ ਹੋ ਜਾਂਦੀ ਹੈ ਕਿ ਖ਼ੁਦਾ ਕੌਣ ਹੈ, ਉਹ ਆਪਣੇ ਲੋਕਾਂ ਤੋਂ ਕੀ ਚਾਹੁੰਦਾ ਹੈ ਅਤੇ ਸਾਥੋਂ ਕੀ ਉਮੀਦ ਰੱਖਦਾ ਹੈ।